ਡਾਇਰੀ ਨੰ: ੨ (ਨ)

3

ਪੰਜਾਬ ਸਰਕਾਰ
ਮਾਲ ਤੇ ਪੁਨਰਵਾਸ ਵਿਭਾਗ
(ਅਸ਼ਟਾਮ ਤੇ ਰਜਿਸਟਰੀ ਸ਼ਾਖਾ)

ਨੰਬਰ 20/45/11-ਐਸ.ਟੀ.1/ 12903-24

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਡਿਪਟੀ ਕਮਿਸ਼ਨਰ-ਕਮ-ਰਜਿਸਟਰਾਰ।
ਚੰਡੀਗੜ੍ਹ, ਮਿਤੀ 25/10/11

ਵਿਸ਼ਾ:- ਵਸੀਕਿਆਂ ਦੀ ਰਜਿਸਟਰੇਸ਼ਨ ਸਮੇਂ ਰਜਿਸਟਰੀ ਅਧਿਕਾਰੀਆਂ ਦੀ ਹਾਜ਼ਰੀ ਬਾਰੇ- ਗੈਰਹਾਜ਼ਰੀ ਬਾਰੇ ਸ਼ਿਕਾਇਤ।

ਸ਼੍ਰੀਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਮੀਮੋ ਨੰ.25/131/04-ਐਸ.ਟੀ.1/10557, ਮਿਤੀ 22-12-2005 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਇਹ ਵੀ ਦਰਜ ਹੈ ਕਿ ਮਿਤੀ 1-4-2000 ਤੋਂ ਰਜਿਸਟਰੇਸ਼ਨ ਦੇ ਕੰਮ ਦਾ ਕੰਪਿਊਟਰੀਕਰਨ ਸ਼ੁਰੂ ਹੋਣ ਨਾਲ ਵਸੀਕਿਆਂ ਦੀ ਰਜਿਸਟਰੇਸ਼ਨ ਦੀ ਪ੍ਰੀਕ੍ਰਿਆ ਦੌਰਾਨ ਸਬ-ਰਜਿਸਟਰਾਰ/ਸੰਯੁਕਤ ਸਬ-ਰਜਿਸਟਰਾਰ ਦੀਆਂ ਫੋਟੋਆਂ ਵੀ ਵਸੀਕਿਆਂ ਵਿੱਚ ਸਬੰਧਤ ਧਿਰਾਂ ਅਤੇ ਗਵਾਹਾਂ ਦੀਆਂ ਫੋਟੋਆਂ ਸਮੇਤ ਕੰਪਿਊਟਰ ਰਾਹੀਂ ਪ੍ਰਿੰਟ ਹੋਣੀਆਂ ਹਨ ਅਰਥਾਤ ਵਸੀਕੇ ਤਸਦੀਕ ਕਰਵਾਉਣ ਵਾਲੇ ਅਤੇ ਜਿਸ ਦੇ ਹੱਕ ਵਿੱਚ ਵਸੀਕਾ ਤਹਿਰੀਰ ਹੋਵੇ, ਦੀਆਂ ਫੋਟੋਆਂ ਵਸੀਕੇ ਤੇ ਹੀ ਉਤਾਰੀਆਂ ਜਾਣੀਆਂ ਹਨ।

2. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਕੇਸ ਵਿੱਚ ਵਸੀਕਿਆਂ ਤੇ ਵਸੀਕੇ ਤਹਿਰੀਰ ਕਰਵਾਉਣ ਵਾਲੇ ਦੀਆਂ ਫੋਟੋਆਂ ਵਸੀਕੇ ਤੇ ਨਾ ਉਤਾਰਨ ਦਾ ਬਹੁਤ ਗੰਭੀਰ ਨੋਟਿਸ ਲਿਆ ਹੈ। ਮਾਨਯੋਗ ਹਾਈ ਕੋਰਟ ਨੇ ਪ੍ਰੇਖਣ ਕੀਤਾ ਹੈ ਕਿ ਸਬ-ਰਜਿਸਟਰਾਰ ਵੱਲੋਂ ਤਸਦੀਕ ਕੀਤੇ ਗਏ ਉਕਤ ਵਸੀਕਿਆਂ ਤੋਂ ਮੁਕੰਮਲ ਲਾਪ੍ਰਵਾਹੀ ਝਲਕਦੀ ਹੈ ਅਤੇ ਇਸ ਤਰਾਂ ਅਸਲ ਵਿੱਚ ਸਬ-ਰਜਿਸਟਰਾਰ ਨਾਲ ਵਸੀਕੇ ਤਹਿਰੀਰ ਕਰਵਾਉਣ ਵਾਲਿਆਂ ਅਤੇ ਗਵਾਹਾਂ ਦੀਆਂ ਫੋਟੋਆਂ ਉਤਾਰਨ ਦੇ ਮੰਤਵ ਦਾ ਹਨਨ ਹੋਇਆ ਹੈ। ਸਪੱਸ਼ਟ ਤੌਰ ਤੇ ਵਸੀਕੇ ਤਹਿਰੀਰ ਕਰਵਾਉਣ ਵਾਲਿਆਂ ਅਤੇ ਗਵਾਹਾਂ, ਜਿਨ੍ਹਾਂ ਦੀਆਂ ਸਬ-ਰਜਿਸਟਰਾਰ ਨਾਲ ਫੋਟੋਆਂ ਉਤਾਰੀਆਂ ਜਾ ਰਹੀਆਂ ਹਨ, ਦੀ ਕਿਸੇ ਵੱਲੋਂ ਪ੍ਰਵਾਹ ਨਹੀਂ ਕੀਤੀ ਜਾ ਰਹੀ ਹੈ। ਮਾਨਯੋਗ ਹਾਈ ਕੋਰਟ ਨੇ ਸੁਧਾਰਕ ਕਦਮ ਉਠਾਉਣ ਦੀ ਵੀ ਹਦਾਇਤ ਕੀਤੀ ਹੈ ਤਾਂ ਕਿ ਲਾਗੂ ਕੀਤੇ ਗਏ ਨਵੇਂ ਸਿਸਟਮ ਦੇ ਮੰਤਵ ਦਾ ਹਨਨ ਨਾ ਹੋਵੇ।

ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਵਸੀਕੇ ਤਸਦੀਕ ਕਰਵਾਉਣ ਵਾਲਿਆਂ ਅਰਥਾਤ ਵਸੀਕੇ ਤਹਿਰੀਰ ਕਰਨ ਵਾਲੇ ਅਤੇ ਜਿਸ ਦੇ ਹੱਕ ਵਿੱਚ ਵਸੀਕੇ ਤਹਿਰੀਰ ਹੋਣ ਅਤੇ ਗਵਾਹਾਂ ਦੀਆਂ ਫੋਟੋਆਂ ਹਰ ਹਾਲਤ ਵਿਚ ਸਬ-ਰਜਿਸਟਰਾਰ/ਸੰਯੁਕਤ ਸਬ-ਰਜਿਸਟਰਾਰ ਦੇ ਨਾਲ ਲਾਜਮੀ ਤੌਰ ਤੇ ਇਕੱਠੀਆਂ ਹੀ ਉਤਾਰੀਆਂ ਜਾਇਆ ਕਰਨ ਅਤੇ

ਸਬ-ਰਜਿਸਟਰਾਰਾਂ/ਸੰਯੁਕਤ ਸਬ-ਰਜਿਸਟਰਾਰਾਂ ਦੇ ਕੰਮ ਦੀ ਸਮੇਂ-ਸਮੇਂ ਤੇ ਅਚਨਚੇਤ ਚੈਕਿੰਗ ਕੀਤੀ ਜਾਇਆ ਕਰੇ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਵਾਈ ਜਾਵੇ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਵੀ ਭੇਜੀ ਜਾਵੇ।

ਅਧੀਨ ਸਕੱਤਰ ਮਾਲ (ਰ.ਸ)

ਪਿੱ.ਅੰ.ਨੰਬਰ 20/45/11- ਐਸ.ਟੀ.-1/ 12925-29 ਚੰਡੀਗੜ੍ਹ, ਮਿਤੀ 25/10/11

ਇਕ-ਇੱਕ ਉਤਾਰਾ ਪੰਜਾਬ ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰਾਂ ਨੂੰ ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਵਾਉਣੀ ਯਕੀਨੀ ਬਣਾਈ ਜਾਵੇ।

ਅਧੀਨ ਸਕੱਤਰ ਮਾਲ (ਰ.ਸ)

ਪਿੱ.ਅੰ.ਨੰਬਰ 20/45/11-ਐਸ..ਟੀ.-1 12930 ਚੰਡੀਗੜ੍ਹ, ਮਿਤੀ 25/10/11

ਉਤਾਰਾ ਇੰਸਪੈਕਟਰ ਜਨਰਲ ਆਫ ਰਜਿਸਟਰੇਸ਼ਨ, ਕਪੂਰਥਲਾ ਰੋਡ, ਜਲੰਧਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਮਾਲ (ਰ.ਸ)